HERA
housing and economic rights advocates

# ਰਹਿਣਯੋਗਤਾ-104: ਸਮੱਸਿਆਵਾਂ ਨੂੰ ਦਸਤਾਵੇਜ਼ਬੱਧ ਕਰਨਾ ਅਤੇ ਮੁਰੰਮਤਾਂ ਲਈ ਬੇਨਤੀ ਕਰਨਾ

ਕੈਲੀਫੋਰਨੀਆ ਸਿਵਲ ਕੋਡ ਦੇ ਸ਼ੈਕਸ਼ਨ 1942.5 ਦੇ ਤਹਿਤ, ਜੇ ਕੋਈ ਕਿਰਾਏਦਾਰ ਮੁਰੰਮਤਾਂ ਵਾਸਤੇ ਬੇਨਤੀਆਂ ਕਰਦਾ ਹੈ ਤਾਂ ਮਕਾਨ ਮਾਲਕ ਵਾਸਤੇ ਕਿਸੇ ਕਿਰਾਏਦਾਰ ਦੇ ਖਿਲਾਫ ਬਦਲਾਲਊ ਕਾਰਵਾਈ ਕਰਨਾ ਗੈਰ-ਕਨੂੰਨੀ ਹੈ। ਸੰਭਾਵਿਤ ਬਦਲਾਲਊ ਕਾਰਵਾਈ ਤੋਂ ਆਪਣੇ ਆਪ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਤੁਹਾਡੇ ਯੂਨਿਟ ਵਿਚਲੀਆਂ ਸਮੱਸਿਆਵਾਂ ਦਾ ਇੱਕ ਵਿਸਤਰਿਤ ਰਿਕਾਰਡ ਰੱਖਣਾ।

## 1 ਆਪਣੀ ਯੂਨਿਟ ਵਿੱਚ ਸਮੱਸਿਆ ਨੂੰ ਚੰਗੀ ਤਰ੍ਹਾਂ ਦਸਤਾਵੇਜ਼ਬੱਧ ਕਰੋ

- ਸਮੇਂ ਅਤੇ ਤਾਰੀਖ ਸਮੇਤ ਮਕਾਨ ਮਾਲਕ ਨਾਲ ਸਾਰੇ ਸੰਚਾਰ ਦੇ ਵਿਸਤਰਿਤ ਨੋਟਸ ਲੈਣਾ
  - ਜੇ ਤੁਸੀਂ ਮੁਰੰਮਤਾਂ ਲਈ ਦਰਖਾਸਤ ਦੀ ਵਰਤੋਂ ਕਰ ਰਹੇ ਹੋ (ਵੱਡੀਆਂ ਅਪਾਰਟਮੈਂਟ ਇਮਾਰਤਾਂ ਆਦਿ ਲਈ), ਤਾਂ ਇੱਕ ਵਾਰ ਜਮ੍ਹਾ ਕੀਤੇ ਜਾਣ ਤੋਂ ਬਾਅਦ ਆਪਣੀ ਬੇਨਤੀ ਨੂੰ ਇੱਕ PDF ਵਜੋਂ ਸੰਭਾਲਣਾ ਯਕੀਨੀ ਬਣਾਓ ਤਾਂ ਜੋ ਤੁਹਾਡੇ ਕੋਲ ਇਸ ਗੱਲ ਦੇ ਦਸਤਾਵੇਜ਼ ਹੋਣ ਕਿ ਤੁਸੀਂ ਆਪਣੀਆਂ ਬੇਨਤੀਆਂ ਕਦੋਂ ਜਮ੍ਹਾਂ ਕੀਤੀਆਂ ਸਨ
- ਸਮੱਸਿਆ ਦੀਆਂ ਤਸਵੀਰਾਂ ਲਓ (ਅਤੇ ਜੇ ਤੁਸੀਂ ਅਸਲੀ ਤਸਵੀਰਾਂ ਗੁਆ ਬੈਠਦੇ ਹੋ ਤਾਂ ਕਾਪੀਆਂ ਬਣਾਓ)
- ਗਵਾਹਾਂ ਦੀ ਸੰਪਰਕ ਜਾਣਕਾਰੀ ਸੰਭਾਲਕੇ ਰੱਖੋ, ਜਿਵੇਂ ਕਿ ਦੋਸਤ, ਗੁਆਂਢੀ, ਮੁਰੰਮਤ ਕਰਨ ਵਾਲੇ ਕਰਮਚਾਰੀ ਆਦਿ।
- ਜੇ ਬਸੇਰੇ ਦੀਆਂ ਹਾਲਤਾਂ ਨੇ ਸਿਹਤ ਨੂੰ ਪ੍ਰਭਾਵਿਤ ਕੀਤਾ ਹੈ ਤਾਂ ਮੁਰੰਮਤ ਅਤੇ ਹੈਲਥਕੇਅਰ ਲਈ ਨਿੱਜੀ ਤੌਰ ਤੇ ਖਰੀਦੀਆਂ ਵਸਤਾਂ ਦੀਆਂ ਰਸੀਦਾਂ ਨੂੰ ਸਾਂਭ ਕੇ ਰੱਖੋ।

## 2 ਮਕਾਨ ਮਾਲਕ ਨੂੰ ਮੁਰੰਮਤ ਲਈ ਇਕ ਰਸਮੀ ਬੇਨਤੀ ਪੱਤਰ ਲਿਖੋ

- ਤੁਹਾਡੇ ਮਕਾਨ ਮਾਲਕ ਨੂੰ ਵਿਸ਼ੇਸ਼ ਤੌਰ 'ਤੇ ਮੁਰੰਮਤ ਦੀ ਬੇਨਤੀ ਕਰਦੇ ਹੋਏ ਅਤੇ ਸਮੱਸਿਆ ਦਾ ਵਰਣਨ ਕਰਦੇ ਹੋਏ, ਉਸ ਸਮੇਂ/ਤਾਰੀਖ਼ ਦੇ ਨਾਲ ਇੱਕ ਪੱਤਰ ਲਿਖੋ ਜਿਸ ਤਾਰੀਖ਼ ਦੇ ਨਾਲ ਤੁਸੀਂ ਸਮੱਸਿਆ ਬਾਰੇ ਉਹਨਾਂ ਨਾਲ ਸੰਪਰਕ ਕੀਤਾ ਸੀ
  - ਤਾਰੀਖ, ਤੁਹਾਡੇ ਮਕਾਨ ਮਾਲਕ ਦਾ ਨਾਮ/ਪਤਾ, ਤੁਹਾਡਾ ਨਾਮ/ਪਤਾ, ਤੁਹਾਡੇ ਵੱਲੋਂ ਭੇਜੇ ਗਏ ਪੱਤਰ ਦੀ ਇੱਕ ਕਾਪੀ ਨੂੰ ਸ਼ਾਮਲ ਕਰਨਾ ਯਕੀਨੀ ਬਣਾਓ
- ਜੇ ਸੰਭਵ ਹੋਵੇ ਤਾਂ ਡਾਕ ਦੇ ਵਿਸਥਾਰਾਂ ਦਾ ਸਬੂਤ ਰੱਖਣ ਲਈ ਪ੍ਰਮਾਣਿਤ ਡਾਕ (certified mail) ਰਾਹੀਂ ਪੱਤਰ ਭੇਜੋ
- ਪੱਤਰ ਦੀਆਂ ਨਕਲਾਂ ਬਣਾਓ ਅਤੇ ਇਹਨਾਂ ਨੂੰ ਆਪਣੇ ਰਿਕਾਰਡਾਂ ਵਾਸਤੇ ਸਾਂਭ ਕੇ ਰੱਖੋ, ਪਰ ਅਸਲੀ ਕਾਪੀਆਂ ਮਕਾਨ ਮਾਲਕ ਨੂੰ ਭੇਜੋ
  - ਤੁਸੀਂ ਪੱਤਰ ਦੀ ਇੱਕ ਨਕਲ ਬਿਲਡਿੰਗ ਮੈਨੇਜਰ/ਮੈਨੇਜਮੈਂਟ ਕੰਪਨੀ ਨੂੰ ਵੀ ਭੇਜ ਸਕਦੇ ਹੋ
- ਜੇ ਤੁਹਾਨੂੰ ਕੋਈ ਹੁੰਗਾਰਾ ਨਹੀਂ ਮਿਲਦਾ, ਤਾਂ ਇਹਨਾਂ ਕਦਮਾਂ ਨੂੰ ਦੁਹਰਾਕੇ ਆਪਣੇ ਮਕਾਨ ਮਾਲਕ ਕੋਲ ਪੈਰਵਾਈ ਕਰੋ

***** ਤੁਹਾਡੇ ਮਕਾਨ ਮਾਲਕ ਨੂੰ ਜ਼ੁਬਾਨੀ ਮੁਰੰਮਤ ਦੀਆਂ ਬੇਨਤੀਆਂ ਕਰਨਾ ਸੰਭਵ ਹੈ ਅਤੇ ਓਨਾ ਹੀ ਜਾਇਜ਼ ਹੈ, ਪਰ ਸਭ ਤੋਂ ਵਧੀਆ ਪ੍ਰੈਕਟਿਸ ਲਿਖਤੀ ਸੰਚਾਰ ਰਾਹੀਂ ਹੁੰਦੀ ਹੈ*****

## 3 ਇੰਸਪੈਕਸ਼ਨ ਲਈ ਬੇਨਤੀ ਕਰੋ

- ਤੁਹਾਡੇ ਯੂਨਿਟ ਵਿਚਲੀਆਂ ਸਮੱਸਿਆਵਾਂ ਦੀ ਰਿਪੋਰਟ ਕਰਨ ਲਈ ਆਪਣੇ ਸ਼ਹਿਰ ਦੇ ਜਾਂਚ ਅਦਾਰੇ ਨੂੰ ਕਾਲ ਕਰੋ ਅਤੇ ਇੱਕ ਅਧਿਕਾਰਿਤ ਜਾਂਚ ਦੀ ਬੇਨਤੀ ਕਰੋ।
  - ਤੁਸੀਂ ਆਉਣ ਵਾਸਤੇ ਅਤੇ ਰਿਪੋਰਟ ਕਰਨ ਲਈ ਇੱਕ ਸੁਤੰਤਰ ਇੰਸਪੈਕਟਰ, ਪਲੰਬਰ, ਇਲੈਕਟ੍ਰੀਸ਼ੀਅਨ ਆਦਿ ਨੂੰ ਵੀ ਹਾਇਰ ਕਰ ਸਕਦੇ ਹੋ, ਜਿਸ ਰਿਪੋਰਟ ਨੂੰ ਤੁਸੀਂ ਫੇਰ ਆਪਣੀ ਬੇਨਤੀ ਦੇ ਨਾਲ ਮਕਾਨ ਮਾਲਕ ਨੂੰ ਦੇ ਸਕਦੇ ਹੋ
- ਜਦ ਇੰਸਪੈਕਟਰ ਤੁਹਾਡੇ ਘਰ ਆਉਂਦੇ ਹਨ, ਤਾਂ ਸਾਰੀਆਂ ਸਮੱਸਿਆਵਾਂ ਵੱਲ ਇਸ਼ਾਰਾ ਕਰਨਾ ਯਕੀਨੀ ਬਣਾਓ ਅਤੇ ਅਧਿਕਾਰਿਤ ਜਾਂਚ ਰਿਪੋਰਟ ਦੀ ਇੱਕ ਨਕਲ ਦੀ ਮੰਗ ਕਰੋ।
  - ਜੇ ਕਿਸੇ ਸ਼ਹਿਰ ਦੇ ਅਦਾਰੇ ਤੋਂ ਜਾਂਚ ਦੀ ਬੇਨਤੀ ਕੀਤੀ ਜਾਂਦੀ ਹੈ, ਜਿਵੇਂ ਕਿ ਕੋਡ ਇਨਫੋਰਸਮੈਂਟ, ਤਾਂ ਇਹ ਪੁੱਛਣਾ ਯਕੀਨੀ ਬਣਾਓ ਕਿ ਤੁਸੀਂ ਆਪਣੇ ਰਿਕਾਰਡ ਵਾਸਤੇ ਰਿਪੋਰਟ ਦੀ ਇੱਕ ਕਾਪੀ ਕਿਵੇਂ ਪ੍ਰਾਪਤ ਕਰ ਸਕਦੇ ਹੋ (ਕੋਡ ਇਨਫੋਰਸਮੈਂਟ ਹਮੇਸ਼ਾ ਕਿਰਾਏਦਾਰ ਨੂੰ ਵੀ ਰਿਪੋਰਟ ਨਹੀਂ ਭੇਜਦੀ)।

**ਅਹਿਮ:** ਕਿਰਾਏਦਾਰਾਂ ਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ ਜੇ ਉਹਨਾਂ ਦੇ ਕਿਰਾਏ ਦੇ ਯੂਨਿਟਾਂ ਨਾਲ ਕੁੱਝ ਖਾਸ ਮਸਲੇ ਹਨ। ਇਹ ਫਲਾਇਰ ਕੇਵਲ ਆਮ ਜਾਣਕਾਰੀ ਵਾਸਤੇ ਹੈ।

## ਵਧੇਰੇ ਜਾਣਕਾਰੀ ਲਈ:

**ਵੈਬਸਾਈਟ:** www.HERACA.org
**ਈਮੇਲ:** inquiries@heraca.org
**ਫੋਨ:** 510-271-8443